Tender Heart High School
Class - 7 Pbi. Lang.



# 10. ਅਨੁਸ਼ਾਸਨ

**ਜਾਣ-ਪਛਾਣ :** ਅਨੁਸ਼ਾਸਨ ਦਾ ਭਾਵ ਨਿਯਮਾਂ ਵਿੱਚ ਰਹਿਣਾ ਜਾਂ ਨਿਯਮਾਂ ਦੀ ਪਾਲਣਾ ਕਰਨਾ ਹੈ। ਇਸ ਤਰ੍ਹਾਂ ਅਨੁਸ਼ਾਸਨ ਕੁਝ ਨਿਯਮਾਂ ਦੀ ਪਾਬੰਦੀ ਦਾ ਹੀ ਨਾਂ ਹੈ। ਇਹਨਾਂ ਨਿਯਮਾਂ ਦੀ ਉਲੰਘਣਾ ਅਨੁਸ਼ਾਸਨਹੀਣਤਾ ਅਖਵਾਉਂਦੀ ਹੈ। ਪਰ ਜੀਵਨ ਦੇ ਹਰ ਖੇਤਰ ਵਿੱਚ ਹੀ ਅਨੁਸ਼ਾਸਨ ਦਾ ਆਪਣਾ ਮਹੱਤਵ ਹੈ।

**ਕੁਦਰਤ ਦਾ ਅਨੁਸ਼ਾਸਨ :** ਕੁਦਰਤ ਦਾ ਵੀ ਆਪਣਾ ਅਨੁਸ਼ਾਸਨ ਹੈ। ਕੁਦਰਤ ਵੀ ਨਿਯਮਾਂ ਵਿੱਚ ਬੱਝੀ ਹੋਈ ਹੈ। ਮਨੁੱਖ ਦੀ ਹੋਂਦ ਕੁਦਰਤ ਦੇ ਅਨੁਸ਼ਾਸਨ ਕਾਰਨ ਹੀ ਸੰਭਵ ਹੈ। ਜੇਕਰ ਕੁਦਰਤ ਆਪਣਾ ਅਨੁਸ਼ਾਸਨ ਛੱਡ ਦੇਵੇ ਤਾਂ



ਧਰਤੀ 'ਤੇ ਮਨੁੱਖੀ ਜੀਵਨ ਹੀ ਸੰਭਵ ਨਾ ਰਹੇ। ਇਸ ਲਈ ਜ਼ਰੂਰੀ ਹੈ ਕਿ ਮਨੁੱਖ ਕੁਦਰਤ ਤੋਂ ਅਨੁਸ਼ਾਸਨ ਵਿੱਚ ਰਹਿਣ ਦੀ ਸਿੱਖਿਆ ਲਵੇ।

**ਪਰਿਵਾਰ ਦਾ ਅਨੁਸ਼ਾਸਨ** : ਬੱਚਾ ਪਰਿਵਾਰ ਤੋਂ ਹੀ ਅਨੁਸ਼ਾਸਨ ਸਿੱਖਦਾ ਹੈ। ਪਰਿਵਾਰ ਵਿੱਚ ਰਹਿੰਦਿਆਂ ਅਸੀਂ ਵੱਡਿਆਂ ਦਾ ਸਤਿਕਾਰ ਕਰਦੇ ਹਾਂ ਅਤੇ ਉਹਨਾਂ ਦੀ ਅਗਿਆ ਦਾ ਪਾਲਣ ਵੀ ਕਰਦੇ ਹਾਂ। ਅਸੀਂ ਭੈਣਾਂ-ਭਰਾਵਾਂ ਨਾਲ਼ ਪਿਆਰ ਕਰਦੇ ਹਾਂ। ਇਸ ਤਰ੍ਹਾਂ ਅਨੁਸ਼ਾਸਨ ਘਰ ਜਾਂ ਪਰਿਵਾਰ ਤੋਂ ਹੀ ਅਰੰਭ ਹੁੰਦਾ ਹਾਂ।



**ਨਿੱਜੀ ਅਨੁਸ਼ਾਸਨ** : ਹਰ ਵਿਅਕਤੀ ਸਵੇਰ ਤੋਂ ਸ਼ਾਮ ਤੱਕ ਆਪਣੇ ਤੌਰ 'ਤੇ ਵੀ ਕੁਝ ਨਿਯਮਾਂ ਦਾ ਪਾਲਣ ਕਰਦਾ ਹੈ। ਉਹ ਨਿਯਮਾਂ ਵਿੱਚ ਰਹਿ ਕੇ ਹੀ ਆਪਣੀ ਡਿਊਟੀ ਨੂੰ ਨਿਭਾਉਂਦਾ ਹੈ। ਜੇਕਰ ਅਸੀਂ ਨਿਯਮਾਂ ਦੀ ਪਾਲਣਾ ਨਾ ਕਰੀਏ ਤਾਂ ਸਾਡਾ ਕੋਈ ਵੀ ਕੰਮ ਸਿਰੇ ਨਹੀਂ ਚੜ੍ਹ ਸਕਦਾ।

**ਵਿਦਿਆਰਥੀਆਂ ਲਈ ਅਨੁਸ਼ਾਸਨ** : ਵਿਦਿਆਰਥੀਆਂ ਲਈ ਵੀ ਅਨੁਸ਼ਾਸਨ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ। ਕਲਾਸ ਵਿੱਚ ਵੀ ਉਹਨਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਪੈਂਦਾ ਹੈ। ਉਹਨਾਂ ਨੂੰ ਸਕੂਲ ਦੀ ਘੰਟੀ ਦੇ ਆਦੇਸ਼ਾਂ ਦੀ ਵੀ ਪਾਲਣਾ ਕਰਨੀ ਪੈਂਦੀ ਹੈ। ਸਹਿਪਾਠੀਆਂ ਨਾਲ਼ ਪਿਆਰ ਅਤੇ ਅਧਿਆਪਕਾਂ ਦਾ ਸਤਿਕਾਰ ਕਰਨਾ ਵੀ ਸਕੂਲ ਦੇ ਅਨੁਸ਼ਾਸਨ ਦਾ ਹਿੱਸਾ ਹੈ।

**ਖੇਡਾਂ ਦਾ ਅਨੁਸ਼ਾਸਨ** : ਖੇਡਾਂ ਦਾ ਵੀ ਆਪਣਾ ਅਨੁਸ਼ਾਸਨ ਹੈ। ਖਿਡਾਰੀਆਂ ਨੂੰ ਨਿਯਮਾਂ ਵਿੱਚ ਰਹਿ ਕੇ ਖੇਡਣਾ ਪੈਂਦਾ ਹੈ। ਖੇਡਾਂ ਤੋਂ ਵੀ ਸਾਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਸਿੱਖਿਆ ਲੈਣੀ ਚਾਹੀਦੀ ਹੈ।

**ਸਰਕਾਰੀ ਨਿਯਮਾਂ ਦਾ ਅਨੁਸ਼ਾਸਨ** : ਸਾਨੂੰ ਸਰਕਾਰੀ ਨਿਯਮਾਂ ਦੀ ਵੀ ਪਾਲਣਾ ਕਰਨੀ ਪੈਂਦੀ ਹੈ। ਸੜਕ ਦੇ ਨਿਯਮਾਂ, ਵੱਖ-ਵੱਖ ਬਿੱਲਾਂ ਦੇ ਸਮੇਂ ਸਿਰ ਭੁਗਤਾਨ ਆਦਿ ਤੋਂ ਬਿਨਾਂ ਸਾਨੂੰ ਕਨੂੰਨ ਨੂੰ ਵੀ ਮੰਨਣਾ ਪੈਂਦਾ ਹੈ। ਇਹ ਸਭ ਕੁਝ ਵੀ ਅਨੁਸ਼ਾਸਨ ਦਾ ਹੀ ਹਿੱਸਾ ਹੈ।

**ਸਾਰਾਂਸ਼** : ਦੇਸ ਦੇ ਵਿਕਾਸ ਲਈ ਅਨੁਸ਼ਾਸਨ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ। ਸਾਨੂੰ ਨਿਯਮਾਂ ਦੀ ਪੂਰੀ ਤਰ੍ਹਾਂ ਨਾਲ਼ ਪਾਲਣਾ ਕਰਨੀ ਚਾਹੀਦੀ ਹੈ। Last page.